# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ, ਐਸ.ਏ.ਐਸ. ਨਗਰ

## (ਬਜਟ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿੱ) ਪੰਜਾਬ,
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ:ਸਿੱ) ਪੰਜਾਬ,
ਸਮੂਹ ਸਕੂਲ ਮੁਖੀ, ਸਰਕਾਰੀ ਸਕੂਲ ਪੰਜਾਬ,
ਸਮੂਹ ਬੀ.ਪੀ.ਈ.ਓ. ਪੰਜਾਬ।

ਮੀਮੋ ਨੰ: 12/2-2017 ਬਜਟ (5) /2020256266
ਮਿਤੀ ਐਸ.ਏ.ਐਸ ਨਗਰ 14/10/2020

ਵਿਸ਼ਾ: ਪੈਨਸ਼ਨ ਕੇਸਾਂ/ਪੈਨਸ਼ਨਰਾਂ ਦਾ ਡਾਟਾ ਈ.ਪੰਜਾਬ ਪੋਰਟਲ ਤੇ ਅਪਲੋਡ ਕਰਨ ਸਬੰਧੀ।

ਹਵਾਲਾ: ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਦੇ ਹੁਕਮ ਪੱਤਰ ਨੰ. 12/02-2017 ਬ(5)/2020255001 ਮਿਤੀ: 13.10.2020 ਦੇ ਸਬੰਧ ਵਿੱਚ।

1.0 ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਹਵਾਲਾ ਅਧੀਨ ਪੱਤਰ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਸਿੱਖਿਆ ਵਿਭਾਗ ਵਲੋਂ ਪੈਨਸਨ ਕੇਸਾਂ ਦੀ ਮੋਨੀਟਰਿੰਗ ਲਈ ਈ-ਪੰਜਾਬ ਸਕੂਲ ਪੋਰਟਲ ਉੱਤੇ ਇਕ ਆਨਲਾਈਨ ਸਾਫਟਵੇਅਰ ਤਿਆਰ ਕੀਤਾ ਗਿਆ ਹੈ । ਇਸ ਪੋਰਟਲ ਤੇ ਇਹ ਸੂਚਨਾ ਸਰਲ ਤਰੀਕੇ ਨਾਲ ਭਰਨ ਲਈ ਪੋਰਟਲ ਨੂੰ ਅਪਡੇਟ ਕੀਤਾ ਗਿਆ ਹੈ। ਆਪ ਨੂੰ ਇਸ ਸਬੰਧੀ ਲਿਖਿਆ ਜਾਦਾ ਹੈ ਕਿ ਸਕੂਲ ਮੁਖੀ ਵਲੋਂ ਈ-ਪੰਜਾਬ ਸਕੂਲ ਪੋਰਟਲ ਅਧੀਨ ਦਿੱਤੇ ਨਵੇਂ ਲਿੰਕ "Retire Benefits" ਦੀ ਮਦਦ ਨਾਲ ਜਾਣਕਾਰੀ ਭਰੀ ਜਾ ਸਕਦੀ ਹੈ ।

2.0 ਆਪ ਦੇ ਦਫਤਰ/ਸਕੂਲ ਦੇ ਅਗਲੇ 24-30 ਮਹੀਨਿਆਂ ਅੰਦਰ ਰਿਟਾਇਰ ਹੋਣ ਵਾਲੇ ਅਤੇ ਮਿਤੀ: 30.09.2020 ਤੱਕ ਰਿਟਾਇਰ ਹੋ ਚੁੱਕੇ ਕਰਮਚਾਰੀਆਂ, ਜਿਨ੍ਹਾਂ ਦੇ ਸਾਰੇ ਪੈਨਸਨਰੀ ਲਾਭਾਂ ਦੀ ਅਦਾਇਗੀ ਨਹੀਂ ਹੋਈ, ਦੇ ਪੈਨਸਨ ਕੇਸਾਂ ਸਬੰਧੀ ਵੇਰਵੇ ਮਿਤੀ: 22.10.2020 ਤੱਕ ਈ-ਪੰਜਾਬ ਪੋਰਟਲ ਤੇ ਅਪਲੋਡ ਕੀਤੇ ਜਾਣ। ਸਮੂਹ ਸਕੂਲ ਮੁੱਖੀ ਅਤੇ ਸਿੱਖਿਆ ਵਿਭਾਗ ਦੇ ਬਾਕੀ ਦਫਤਰ ਇਸ ਪੋਰਟਲ ਤੇ ਪੈਨਸਨ ਦੇ ਕੇਸਾਂ/ਰਿਟਾਇਰਲ ਲਾਭਾਂ ਦੀ ਅਦਾਇਗੀ ਸਬੰਧੀ ਜਾਣਕਾਰੀ ਹਰ ਮਹੀਨੇ ਦੀ 10 ਤਾਰੀਖ ਤੱਕ ਅਪਡੇਟ ਕਰਨਾ ਯਕੀਨੀ ਬਨਾਉਣਗੇ। ਸਬੰਧਤ ਜਿਲ੍ਹਾ ਸਿੱਖਿਆ ਅਫਸਰ, ਆਪਣੇ ਅਧੀਨ ਆਉਂਦੇ ਸਕੂਲਾਂ/ਦਫਤਰਾਂ ਵਲੋਂ ਅਪਲੋਡ ਕੀਤਾ ਗਿਆ ਡਾਟਾ ਵੈਰੀਫਾਈ ਕਰਨ ਉਪਰੰਤ ਹਰ ਮਹੀਨੇ ਦੀ 15 ਤਾਰੀਖ ਤੱਕ ਆਨਲਾਈਨ ਸਰਟੀਫਾਈ ਕਰਨਗੇ। ਇਸ ਉਪਰੰਤ ਇਹ ਸੂਚਨਾ ਮੁੱਖ ਦਫਤਰ ਵਿਖੇ ਚੈਕ ਕਰਨ ਉਪਰੰਤ ਹੀ ਕੰਪਾਈਲ ਕੀਤੀ ਜਾਵੇਗੀ।

3.0 ਜੇਕਰ ਪੈਨਸ਼ਨ ਕੇਸਾਂ/ਪੈਨਸ਼ਨਰਾਂ ਦਾ ਡਾਟਾ ਈ.ਪੰਜਾਬ ਪੋਰਟਲ ਤੇ ਅਪਲੋਡ ਕਰਨ ਸਬੰਧੀ ਕਿਸੇ ਕਿਸਮ ਦੀ ਮੁਸਕਿਲ ਪੇਸ ਆਉਂਦੀ ਹੈ ਤਾਂ ਸਬੰਧਤ ਸਕੂਲ/ਦਫਤਰ ਆਪਣੇ ਜਿਲ੍ਹੇ ਦੇ ਸਬੰਧਤ ਜਿਲ੍ਹਾ ਐਮ.ਆਈ.ਐਸ. ਵਿੰਗ ਦੇ ਕੋ-ਆਰਡੀਨੇਟਰ ਨਾਲ ਸੰਪਰਕ ਕਰ ਸਕਦੇ ਹਨ, ਜਿਨ੍ਹਾਂ ਦੇ ਮੋਬਾਇਲ ਨੰ. ਈ-ਪੰਜਾਬ ਸਕੂਲ ਪੋਰਟਲ ਉੱਤੇ ਉਪਲੱਬਧ ਹਨ।

4.0 ਇਸ ਸਬੰਧੀ ਸਕੂਲ ਡੀ.ਡੀ.ਓਜ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਵੀ ਇਸ ਸਿਸਟਮ ਨੂੰ ਆਪਣੇ ਸਕੂਲ ਜਾਂ ਦਫਤਰ ਦੇ ਈ-ਪੰਜਾਬ ਸਕੂਲ ਪੋਰਟਲ ਤੇ ਲਾਗਇੰਨ ਆਈ.ਡੀ. ਵਿੱਚ ਜਾ ਕੇ ਚੰਗੀ ਤਰ੍ਹਾਂ ਸਮਝ ਲੈਣ ਅਤੇ ਪੈਨਸ਼ਨ ਕੇਸਾਂ/ਪੈਨਸ਼ਨਰਾਂ ਦਾ ਡਾਟਾ ਈ.ਪੰਜਾਬ ਪੋਰਟਲ ਤੇ ਸਮੇਂ ਸਮੇਂ ਤੇ ਅਪਲੋਡ ਕਰਨਾ ਯਕੀਨੀ ਬਣਾਉਣ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ । ਜੇਕਰ ਕਿਸੇ ਸਕੂਲ/ਦਫਤਰ ਦੀ ਸੂਚਨਾ ਸਮੇਂ ਸਿਰ ਅਪਲੋਡ ਨਹੀਂ ਕੀਤੀ ਗਈ, ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰਾਂ/ਡੀ.ਡੀ.ਓ. ਦੀ ਹੋਵੇਗੀ ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)

ਉਪਰੋਕਤ ਦਾ ਉਤਾਰਾ ਡਾਇਰਕੈਟਰ ਸਿੱਖਿਆ ਵਿਭਾਗ(ਐ:ਸਿ:), ਪੰਜਾਬ, ਐਸ.ਏ.ਐਸ. ਨਗਰ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)